**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ**

ਯਾਦ ਪੱਤਰ -2

ਵੱਲ :

ਸਮੂਹ ਸਕੂਲ ਮੁਖੀ,
ਸਰਕਾਰੀ, ਏਡਿਡ, ਪ੍ਰਾਈਵੇਟ, ਸੈਂਟਰਲ ਸਕੂਲ ਆਦਿ, ਪੰਜਾਬ

ਮੀਮੋ ਨੰ :- 13/1-2020/ਐਮ.ਆਈ.ਐਸ./ਯੂਡਾਈਸ/ 69471
ਮਿਤੀ : 25 ਫਰਵਰੀ, 2020

ਵਿਸ਼ਾ : **ਯੂਡਾਈਸ ਸਰਵੇ 2019-20 ਸਬੰਧੀ।**

ਇਸ ਦਫਤਰ ਵਲੋਂ ਜਾਰੀ ਪੱਤਰ ਨੰਬਰ 13/1-2020/ਐਮ.ਆਈ.ਐਸ./ਯੂਡਾਈਸ/32822 ਮਿਤੀ 24-01-2020 ਅਤੇ ਪੱਤਰ ਨੰਬਰ 13/1-2020/ਐਮ.ਆਈ.ਐਸ./ਯੂਡਾਈਸ/46449 ਮਿਤੀ 30-01-2020 ਦੀ ਲਗਾਤਾਰਤਾ ਵਿੱਚ ਮੁੜ ਸਕੂਲਾਂ ਨੂੰ ਲਿਖਿਆ ਜਾਂਦਾ ਹੈ ਕਿ ਐਮ.ਐੱਚ.ਆਰ.ਡੀ., ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂਡਾਈਸ ਸਰਵੇ ਹਰ ਸਾਲ ਸਕੂਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਕਰਵਾਇਆ ਜਾਂਦਾ ਹੈ। ਇਸ ਸਰਵੇ ਅਧੀਨ ਰਾਜ ਵਿਚ ਚੱਲ ਰਹੇ ਹਰ ਪ੍ਰਕਾਰ ਦੇ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ ਅਤੇ ਸੈਂਟਰਲ ਆਦਿ) ਤੋਂ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ।

ਸਿੱਖਿਆ ਵਿਭਾਗ, ਪੰਜਾਬ ਵਲੋਂ ਯੂਡਾਈਸ ਸਰਵੇ ਦੀ ਜਾਣਕਾਰੀ ਨੂੰ ਇਕੱਤਰ ਕਰਨ ਲਈ ਇਸ ਨੂੰ ਈਪੰਜਾਬਸਕੂਲ (www.epunjabschool.gov.in) ਪੋਰਟਲ ਨਾਲ ਜੋੜਿਆ ਗਿਆ ਹੈ ਤਾਂ ਜੋ ਸਕੂਲਾਂ ਵਲੋਂ ਪੋਰਟਲ ਉੱਤੇ ਭਰੀ ਜਾਣਕਾਰੀ ਨੂੰ ਫਿਰ ਦੁਬਾਰਾ ਨਾ ਭਰਨਾ ਪਵੇ। ਸਕੂਲਾਂ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਆਪਣੇ ਸਕੂਲ ਦੇ ਯੂਜ਼ਰ ਆਈ.ਡੀ. ਅਤੇ ਪਾਸਵਰਡ ਨਾਲ ਲਾਗਇਨ ਕੀਤਾ ਜਾਵੇਗਾ। ਈਪੰਜਾਬਸਕੂਲ ਪੋਰਟਲ ਦੇ Dashboard ਉੱਤੇ ਦਿੱਤੇ ਲਿੰਕ UDISE Survey 2019-20 ਉੱਤੇ ਕਲਿੱਕ ਕਰਕੇ ਆਨਲਾਈਨ ਪ੍ਰਫਾਰਮਾ ਭਰਿਆ ਜਾ ਸਕਦਾ ਹੈ। ਬਹੁਤ ਸਾਰੀ ਜਾਣਕਾਰੀ ਜੋ ਕਿ ਸਕੂਲਾਂ ਵਲੋਂ ਪਹਿਲਾਂ ਹੀ ਈਪੰਜਾਬਸਕੂਲ ਪੋਰਟਲ ਉੱਤੇ ਭਰੀ ਗਈ ਹੈ ਨੂੰ ਇਨ੍ਹਾਂ ਪ੍ਰਫਾਰਮਿਆਂ ਵਿਚ ਪਹਿਲਾਂ ਤੋਂ ਭਰਿਆ ਹੋਇਆ ਦਿਖਾਇਆ ਜਾਵੇਗਾ ਅਤੇ ਜੇਕਰ ਅਜਿਹੇ ਪਹਿਲਾਂ ਤੋਂ ਜਾਣਕਾਰੀ ਭਰੇ ਪ੍ਰਫਾਰਮਿਆਂ ਵਿਚ ਕੁਝ ਵੀ ਤਬਦੀਲੀ ਕਰਨੀ ਹੈ ਤਾਂ ਇਸ ਨੂੰ ਈਪੰਜਾਬਸਕੂਲ ਪੋਰਟਲ ਉੱਤੇ ਹੀ ਅਪਡੇਟ ਕੀਤਾ ਜਾ ਸਕੇਗਾ।

UDISE Survey ਇੱਕ ਸਮਾਬੱਧ ਸਰਵੇ ਹੈ। ਇਸ ਜਾਣਕਾਰੀ ਨੂੰ ਭਰਨ ਲਈ ਸਕੂਲਾਂ ਨੂੰ ਮਿਤੀ 10-02-2020 ਤੱਕ ਦਾ ਸਮਾਂ ਦਿੱਤਾ ਗਿਆ ਸੀ। ਪਰੰਤੂ ਅਜੇ ਵੀ ਕਈ ਸਕੂਲਾਂ ਵਲੋਂ ਡਾਟਾ ਆਨਲਾਈਨ ਨਹੀਂ ਭਰਿਆ ਗਿਆ ਹੈ। **ਸਕੂਲਾਂ ਨੂੰ ਇੱਕ ਆਖਰੀ ਮੌਕਾ ਦਿੰਦੇ ਹੋਏ ਆਨਲਾਈਨ ਡਾਟਾ ਭਰਨ ਲਈ ਮਿਤੀ 29-02-2020 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ।** ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸਹਿਯੋਗ ਲਈ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਜਾਂ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ